# PRINCE SCHOOL

Rajasthan Board, English & Hindi Medium, Class VI to XII (Science)

www.princeeduhub.com | Shyampura - Palwas, Sikar. Helpline : 9610-63-2222, 9610-37-2222

**MODEL PAPER - I : 2024-25**
**CLASS – X**

**Time : 03:15 Hours**

**SUBJECT – PUNJABI** **M.M. 80**

ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ(1-5)( **ਅੰਕ-5**× 1=**5)**

**1.**ਗੰਗਾ ਦੀਨ ਨਿਬੰਧ ਕਿਸਦਾ ਲਿਖਿਆ ਹੋਇਆ ਹੈ
**A.**ਪ੍ਰੋ. ਪੂਰਨ ਸਿੰਘ
**B.**ਤੇਜਾ ਸਿੰਘ
**C.**ਸਰਵਣ ਸਿੰਘ
**D.**ਸੰਤ ਸਿੰਘ ਸੇਖੋਂ

**2.**ਦੇਖ ਪਰਾਈਆਂ ਚੰਗੀਆਂ ਕਿਸਦੀ ਰਚਨਾ ਹੈ
**A.**ਭਾਈ ਗੁਰਦਾਸ
**B.**ਬੁਲ੍ਹੇ ਸ਼ਾਹ
**C.**ਮੀਆਂ ਵਜ਼ੀਦ
**D.**ਭਾਈ ਵੀਰ ਸਿੰਘ

3.ਪੰਜਾਬੀ ਭਾਸ਼ਾ ਦੀ ਲਿਪੀ ਕਿਹੜੀ ਹੈ ?
A.ਪੰਜਾਬੀ
B.ਗੁਰਮੁਖੀ
C.ਉਰਦੂ
D.ਫਾਰਸੀ

4.ਹੇਠ ਲਿਖਿਆ ਵਿੱਚੋ ਕਿਸ ਰਚਨਾ ਦਾ ਸੰਬੰਧ ਬੁਲ੍ਹੇ ਸ਼ਾਹ ਨਾਲ ਹੈ ?
A.ਬਸ ਕਰ ਜੀ ਹੁਣ ਬਸ ਕਰ ਜੀ
B.ਅਕਿਰਤਘਣ
C.ਲਾਵਾਂ ਬਾਣੀ
D.ਰੁੱਖ

5.ਰੇਲ ਗੱਡੀ ਦੇ ਡੱਬੇ ਦਾ ਕੇਂਦਰ ਬਿੰਦੂ ਕੌਣ ਸੀ -
A.ਅਖਬਾਰ ਵਾਲਾ
B.ਜੂਸ ਵਾਲਾ
C.ਮੇਜਰ ਸਾਹਿਬ
D.ਪਹਿਲਵਾਨ

ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-5) (**ਅੰਕ**-5× 1=**5**)

1 'ਅੱਖਾਂ ਫੇਰ ਲੈਣੀਆਂ' ਮੁਹਾਵਰੇ ਲਈ ਕਿਹੜਾ ਅਰਥ ਢੁੱਕਵਾਂ ਹੈ ?

(ੳ) ਮਰ ਜਾਣਾ (ਅ) ਜਾਗਦੇ ਰਹਿਣਾ (ੲ) ਦੋਸਤੀ ਛੱਡ ਦੇਣੀ (ਸ) ਨਖਰੇ ਕਰਨਾ

2 'ਕੰਨ ਭਰਨੇ' ਮੁਹਾਵਰੇ ਲਈ ਕਿਹੜਾ ਅਰਥ ਢੁੱਕਵਾਂ ਹੈ ?

(ੳ) ਦੂਰ-ਦੂਰ ਰਹਿਣਾ (ਅ) ਚੁਗਲੀਆਂ ਕਰਨੀਆਂ

(ੲ) ਕੰਨਾ ਦਾ ਦੁਖਣਾ (ਸ) ਚੁੱਪ-ਚੁੱਪ ਪਾਸੇ ਹੋ ਜਾਣਾ

3 'ਸੱਦੀ ਨਾ ਬੁਲਾਹੀ ਮੈ ਲਾੜੇ ਦੀ ਤਾਈ' ਅਖਾਣ ਲਈ ਕਿਹੜਾ ਅਰਥ ਢੁੱਕਵਾ ਹੈ ?

(ੳ) ਬਿਨਾਂ ਮੰਗੀ ਸਲਾਹ ਦੇਣਾ (ਅ) ਲਾੜੇ ਦੀ ਤਾਈ ਦਾ ਵਿਆਹ ਵਿੱਚ ਜਾਣਾ

(ੲ) ਖ਼ੂਨ ਦਾ ਰਿਸ਼ਤਾ ਸਥਾਪਿਤ ਕਰਨਾ (ਸ) ਸਦਣ ਉੱਤੇ ਕਿਸੇ ਨਾਲ ਗੱਲ ਨਾ ਕਰਨਾ

4 ਜਰਾ ਵੀ ਨੁਕਸਾਨ ਨਾ ਹੋਣਾ ਕਿਹੜਾ ਮੁਹਾਵਰਾ ਸਹੀ ਅਰਥ ਦਸਦਾ ਹੈ?

(ੳ) ਪਾਣੀ ਪਾਣੀ ਹੋਦਾ (ਅ) ਵਾਲ ਵਿੰਗਾ ਨਾ ਹੋਣਾ

(ੲ) ਪਾਰਾ ਚੜ ਜਾਣਾ (ਸ) ਨੰਗੇ ਧੜ ਲੜਨਾ

5 ਸ਼ੱਕ ਵਾਲੀ ਗੱਲ ਹੋਣੀ ਕਿਹੜਾ ਮੁਹਾਵਰਾ ਸਹੀ ਅਰਥ ਦਸਦਾ ਹੈ?

(ੳ) ਦਾਲ ਗੱਲਣਾ (ਅ) ਦਾਲ ਵਿੱਚ ਕਾਲਾ ਹੋਣਾ (ੲ) ਢੋ ਢੁਕਣਾ (ਸ) ਦੁੱਧ ਪਾਣੀ ਵਖ ਕਰਨਾ

---

ਖਾਲੀ ਥਾਵਾਂ ਭਰੋ ਜੀ **(1-5)** (**ਅੰਕ**-5× 1 =**5**)

**1.**ਚਾਨਣਦੀ ਫੁਲਕਾਰੀ ਤੋਪਾਂ...................

**2.** ਨਾ ਤਿਸੁ ਭਾਰੇ ਪਰਬਤਾਂ....................

**3.**ਬਸ ਕਰ ਜੀ ਹੁਣ ਬਸ .................

**4.**ਮਨ ਤੂੰ ਜੋਤ ਸਰੂਪ ਹੈ ਆਪਣਾ ...................

**5.**ਵਜੀਦਾ ਕੌਣ ਸਾਹਿਬ ਨੂੰ ਆਖੇ ..............

ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-5) (**ਅੰਕ**-5× 1=**5**)

**1.ਸਫ਼ਲਤਾ ਅਤੇ ਵੈਰੀ ਸ਼ਬਦ ਦੇ ਦੋ - ਦੋ ਸਮਾਨਾਰਥਕ ਸ਼ਬਦ ਲਿਖੋ ?**

**2.ਹਾਰ ਅਤੇ ਫੁੱਲ ਸ਼ਬਦ ਦੇ ਦੋ -ਦੋ ਬਹੁਅਰਥਕ ਸ਼ਬਦ ਲਿਖੋ ?**

**3.ਵਿਰੋਧੀ ਸ਼ਬਦ ਲਿਖੋ -ਆਮ ,ਸੋਖ ,ਆਪਣਾ ,ਇਮਾਨਦਾਰ**

4'ਦਿਸ਼ਾ' ਸ਼ਬਦ ਦਾ ਬਹੁਵਚਨ ਦੱਸੋ –

(ੳ) ਦਿਸ਼ਾਹੀਣ (ਅ) ਪਾਸਾ (ੲ) ਦਿਸ਼ਾਵਾਂ (ਸ) ਦਿਸਹੱਦੇ

5 'ਮੌਤ' ਦਾ ਢੁੱਕਵਾਂ ਵਿਰੋਧੀ ਸ਼ਬਦ ਚੁਣੋ –

(ੳ) ਮਰਨਾ (ਅ) ਮੌਤਾਂ (ੲ) ਬੁਢੇਪਾ (ਸ) ਜੀਵਨ

ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ, ਸਵਾਲ ਨੰ. 1 ਤੋਂ 4 ਤੱਕ ਦੇ ਉੱਤਰ ਲਿਖੋ – (**ਅੰਕ**-4 × 1=**4** )

ਮੈਂ ਦਿਲ ਵਿੱਚ ਆਖਿਆ–' ਭੂਆ, ਹੁਣ ਤੂੰ ਜਰੂਰ ਹਰਦੁਆਰ ਦਾ ਇਸ਼ਨਾਨ ਕਰੇਂਗੀ। ਏਸੇ ਵੇਲੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿੱਚ ਕੁੱਝ ਕਿਹਾ, ਤੇ ਭੂਆ ਨੇ ਗੁੱਸੇ ਨਾਲ ਉੱਤਰ ਦਿੱਤਾ-ਕੀ ਆਖਿਆ ਈ ਜਾਗ ਲਾ ਛੱਡੀ ਏ? ਹਾਏ ਹਾਏ ਰੱਬਾ ਮੈਂ ਮੋਹੀ ਸੜ ਗਈ ਆ ਏਸ ਹੱਥੋਂ। ਸਾਰੇ ਦੁੱਧ ਨੂੰ ਕਾਹਨੂੰ ਜਾਗ ਫੂਕਣੀ ਸੀ। ਮੁੰਡਾ ਵਿਚਾਰਾ ਹੁਣ ਝਾਟਾ ਮੇਰਾ ਪੀਵੇਗਾ? ਸਵੇਰ ਦਾ ਭੁੱਖਾ-ਭਾਣਾ, ਸੰਧਿਆ ਵੇਲੇ ਦੇ ਦੋ ਫੁਲਕੇ ਖਾਧੇ ਸੂ, ਉੱਤੋਂ ਸੋਤਾ ਪਿਆ ਏ। ਇਹਨੇ ਵਿਚਾਰੇ ਨੇ ਕੋਈ ਰੋਜ਼-ਰੋਜ਼ ਆਉਣਾ ਸੀ। ਸਾਡੇ ਘਰ? ਸਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ''

1 'ਹਰ' ਅਗੇਤਰ ਲੱਗਾ ਸ਼ਬਦ ਚੁਣੋ –
(ੳ) ਹਰਦੁਆਰ (ਅ) ਹਰਖ (ੲ) ਹਰਜ਼ (ਸ) ਹਰਣ

2 'ਸਵੇਰ' ਦਾ ਵਿਰੋਧੀ ਸ਼ਬਦ ਦੱਸੋ –
(ੳ) ਸਵੇਰੇ (ਅ) ਸੁਬ੍ਹਾ (ੲ) ਸੁਵੱਖਤੇ (ਸ) ਆਥਣ

3 'ਜਾਗ' ਸ਼ਬਦ ਦਾ ਸਹੀ ਬਹੁ-ਆਰਥਕ ਜੁਟ ਚੁਣੋ –
(ੳ) ਦਹੀਂ ਜਮਾਉਣਾ, ਜਗਰਾਤਾ (ਅ) ਸੁਚੇਤ ਹੋਣਾ, ਬੇਫਿਕਰ
(ੲ) ਨੀਂਦ ਖੁੱਲ੍ਹਣੀ, ਸੁਚੇਤ ਹੋਣਾ (ਸ) ਲਾਪਰਵਾਹ, ਜਾਗਣਾ

4 ਉਪਰੋਕਤ ਪੈਰ੍ਹੇ ਵਿੱਚ ਆਏ 'ਫੁਲਕੇ' ਸ਼ਬਦ ਦਾ ਸਮਾਨਾਰਥਕ ਸ਼ਬਦ ਦੱਸੋ –
(ੳ) ਪੂਰੀ (ਅ) ਪਰੌਂਠਾ (ੲ) ਚੂਰੀ (ਸ) ਰੋਟੀ

## ਹੇਠ ਲਿਖੇ ਕਾਵਿ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨ (1-4) ਤੱਕ ਉੱਤਰ ਦਿਉ – (**ਅੰਕ**-4 × 1=**4**)

ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।
ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,
ਹੱਥੋ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।
ਤ੍ਰਿੰਞਣਾ ਤੇ ਵਾਰਾਂ ਵਿੱਚ,
ਵੰਞਲੀ ਤੇ ਵਾਰਾਂ ਵਿੱਚ,
ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ।
ਜੋਧ ਤੇ ਕਮਾਈਆਂ ਵਿੱਚ,
ਜੰਗਾਂ ਤੇ ਲੜਾਈਆਂ ਵਿੱਚ,
ਏਹੋ ਜਿੰਦ ਪਾਉਣੀ, ਬੋਲੀ ਹੈ ਪੰਜਾਬੀ ਸਾਡੀ।
ਫੁੱਲਾਂ ਦੀ ਕਿਆਰੀ ਸਾਡੀ,
ਸੁੱਖਾਂ ਦੀ ਅਟਾਰੀ ਸਾਡੀ,
ਭੁੱਲ ਕੇ ਨਹੀਂ ਢਾਉਣੀ, ਬੋਲੀ ਹੈ ਪੰਜਾਬੀ ਸਾਡੀ।

1. ਤ੍ਰਿੰਞਣਾ ਤੇ ਵਾਰਾਂ ਵਿੱਚ,
ਵੰਝਲੀ ਤੇ ਵਾਰਾਂ ਵਿੱਚ,
ਉਪਰੋਕਤ ਕਾਵਿ ਸਤਰਾਂ ਵਿੱਚ ਕਿਹੜਾ ਅਲੰਕਾਰ ਵਰਤਿਆਂ ਗਿਆ ਹੈ?
(**A**) ਦ੍ਰਿਸਟਾਂਤ ਅਲੰਕਾਰ
(**B**) ਉਪਮਾ ਅਲੰਕਾਰ
(**C**) ਅਨੁਪ੍ਰਾਸ ਅਲੰਕਾਰ
(**D**) ਅਤਿਕਥਨੀ ਅਲੰਕਾਰ

2. ਉਪਰੋਕਤ ਪੈਰ੍ਹੈ ਵਿੱਚ ਕਿਹੜਾ ਭਾਵ ਪੇਸ਼ ਕੀਤਾ ਗਿਆ ਹੈ?
(**A**) ਤ੍ਰਿਝਣਾ ਨਾਲ ਪਿਆਰ
(**B**) ਜੰਗਾ ਲੜਾਈਆਂ ਨਾਲ ਪਿਆਰ
(**C**) ਪੰਜਾਬੀ ਬੋਲੀ ਨਾਲ ਪਿਆਰ
(**D**) ਫੁੱਲਾਂ ਦੀ ਕਿਆਰੀ ਨਾਲ ਪਿਆਰ ।

3. 'ਵੰਝਲੀ ਤੇ ਵਾਰਾਂ ਵਿੱਚ'' ਇਸ ਕਾਵਿ ਸਤਰ ਦੇ ਅਨੁਸਾਰ ਵੰਵਲੀ ਕੀ ਹੈ?
(A) ਬੋਲੀ
(B) ਗੀਤ
(C) ਪੁਰਾਤਨ ਲੋਕ-ਸਾਜ
(D) ਜਿੰਦਗੀ

4. ਉਪਰੋਕਤ ਕਾਵਿ ਸਤਰਾਂ ਵਿੱਚ ਕਿਹੜੇ ਰਸ ਦੀ ਵਰਤੋ ਕੀਤੀ ਗਈ ਹੈ?
(A) ਹਾਸ ਰਸ
(B) ਭਿਆਨਕ ਰਸ
(C) ਬੀਰ ਰਸ
(D) ਰੋਦਰ ਰਸ

ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-5) (**ਅੰਕ**-5 × 2=**10**)

1 ਬਾਬਾ ਸਿੱਖ ਫ਼ਰੀਦ ਜੀ ਦੇ ਕਿੰਨੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ

2.ਬਿੰਦੀ ਦੀ ਵਰਤੋਂ ਕਿਹੜੀ ਕਿਹੜੀ ਲੱਗ ਨਾਲ ਹੁੰਦੀ ਹੈ ?

3.ਸਿੱਖ ਧਰਮ ਵਿੱਚ ਵਿਆਹ ਵੇਲੇ ਕੁੱਲ ਕੀਨੀਆ ਲਾਵਾਂ ਪੜ੍ਹੀਆਂ ਜਾਂਦੀਆਂ ਹਨ ?

4.ਏ ਸਰੀਰਾਂ ਮੇਰੀਆਂ ਕਿਸਦੀ ਰਚਨਾ ਹੈ ?

5.ਗੰਗਾਦੀਨ ਕੌਣ ਦੀ ਤੇ ਕਿ ਕੰਮ ਕਰਦਾ ਸੀ ?

ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-(1-10) (**ਅੰਕ**-10 × 3=**30** )

1. **ਮਿਲਖਾ ਸਿੰਘ ਨੂੰ ਫਲਾਇੰਗ ਸਿੱਖ ਦੀ ਉਪਾਧੀ ਕਦੋ ਤੇ ਕਿਵੇਂ ਪ੍ਰਾਪਤ ਹੋਈ?**
2. **ਲੇਖਕ ਤੇ ਉਸਦੀ ਭੈਣ ਨੂੰ ਜਰਨੈਲੀ ਸੜਕ ਭੈ- ਸਾਗਰ ਕਿਉਂ ਲੱਗਦੀ ਸੀ?**
3. **ਪਹਿਲਾ ਦੀ ਚੋਈ ਜਾਨ ਚੁੱਕੀ ਮੱਝਦਾ ਪਰਦਾ ਰੱਖਣ ਲਈ ਲਾਲ ਨੂੰ ਨਕੀ ਫੁਰਨਾ ਫੁਰਿਆ ?**
4. **ਗੰਗਨਹਿਰ ਉਪਰ ਇਕ ਸੰਖੇਪ ਟਿਪਣੀ ਲਿਖੋ ?**
5. ਸਾਧ ਤੇ ਕਿਰਤੀ ਦੇ ਲੱਛਣ ਕਿਮੇ ਮਿਲਦੇ ਹਨ ? ਸਪਸ਼ਟ ਕਰੋ
6. ਮਿਲਖਾ ਸਿੰਘ ਨੂੰ ਕਿਹੜੇ ਕਿਹੜੇ ਨਾਮ ਨਾਲ ਉਪਮਾ ਦਿਤੀ ਜਾਂਦੀ ?
7. ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਕੋਈ ਤਿੰਨ ਉਪਾਧੀਆਂ ਦੇ ਨਾਮ ਲਿਖੋ ?
8. ਗਾਗਰੋਣ ਦੇ ਕਿਲ੍ਹੇ ਦੀ ਪ੍ਰਸਿੱਧੀ ਦਾ ਕਾਰਨ ਦਸੋ ?
9. ਗੰਗਨਹਿਰ ਉੱਪਰ ਇਕ ਸੰਖੇਪ ਟਿਪਣੀ ਲਿਖੋ ?
10. ਮੇਜਰ ਸਾਹਿਬ ਪੇ -ਮਰਿਆ ਦਾ ਡੱਬਾ ਕਿਉਂ ਕਹਿੰਦਾ ਹੈ ?

**1.ਪੱਤਰ ਲਿਖੋ -ਮਿੱਤਰ ਨੂੰ ਪਾਸ ਹੋਣ ਤੇ ਵਧਾਈ ਪੱਤਰ ਲਿਖੋ ?( ਅੰਕ-4)**

1 ਇਕ ਵਿਸ਼ੇ ਉੱਪਰ ਲੇਖ ਲਿਖੋ -?( **ਅੰਕ-8)**

A.ਗੁਰੂ ਤੇਗ ਬਹਾਦੁਰ ਜੀ    B ਕਿਸੇ ਇਤਹਾਸਿਕ ਜਾਂ ਧਾਰਮਿਕ ਸਥਾਨ ਦੀ ਯਾਤਰਾ    C.ਮਨ ਜੀਤੈ ਜਗੁਜੀਤ